## ਸਾਡੇ ਨਾਲ ਸੰਪਰਕ ਕਰੋ:

### ਐਮਰਜੈਂਸੀ
### 911

- ਅੱਗ ਲੱਗਣਾ
- ਮੈਡੀਕਲ ਐਮਰਜੈਂਸੀ
- ਹੋ ਰਿਹਾ ਕੋਈ ਅਪਰਾਧ
- ਖ਼ਤਰਨਾਕ/ਅਸੁਰੱਖਿਅਤ ਸਥਿਤੀ

### ਗੈਰ-ਐਮਰਜੈਂਸੀ
### 519-570-9777

- ਕੋਈ ਅਪਰਾਧ ਹੋ ਜਾਣ ਤੇ, ਜਿਸ ਦੇ ਕਾਰਣ ਪੁਲਿਸ ਨੂੰ ਬੁਲਾਉਣ ਦੀ ਜ਼ਰੂਰਤ ਹੈ ਪਰ ਅਪਰਾਧ ਇਸ ਵੇਲੇ ਨਹੀਂ ਹੋ ਰਿਹਾ ਹੈ
- ਕੋਈ ਰਿਪੋਰਟ ਕਰਵਾਉਣ ਲਈ
- ਪੁਲਿਸ ਦੀ ਜਾਣਕਾਰੀ/ਸਲਾਹ ਲਈ
- ਵਾਟਰਲੂ ਰੀਜਨਲ ਪੁਲਿਸ ਸਰਵਿਸ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰਨ ਲਈ

### TTY
### 1-888-420-1777

ਜੇ ਤੁਸੀਂ ਕਾਲ ਕਰਨ ਲਈ ਕਿਸੇ TTY/TDD ਡਿਵਾਇਸ ਦੀ ਵਰਤੋਂ ਕਰਦੇ ਹੋ ਤਾਂ ਤੁਸੀਂ ਇਸ ਨੰਬਰ ਦੇ ਨਾਲ ਪੁਲਿਸ ਨਾਲ ਸੰਪਰਕ ਕਰ ਸਕਦੇ ਹੋ।

ਕ੍ਰਾਈਮ ਸਟਾਪਰਜ਼ ਡਾਇਲ ਕਰੋ
1-800-222-TIPS (8477)
ਕ੍ਰਾਈਮ ਸਟਾਪਰਜ਼ ਦੇ ਨਾਲ ਤੁਸੀਂ ਅਨਾਮ ਰਹਿ ਕੇ, ਪੁਲਿਸ ਨੂੰ ਜਾਣਕਾਰੀ ਪ੍ਰਦਾਨ ਕਰ ਸਕਦੇ ਹੋ। ਇਸ ਵਿੱਚ ਕੋਈ ਕਾਲ ਡਿਸਪਲੇਅ ਨਹੀਂ ਹੁੰਦੀ ਜਾਂ ਕਾਲ ਟਰੇਸ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਤੁਹਾਨੂੰ ਆਪਣੀ ਪਛਾਣ ਦੱਸਣ ਲਈ ਕਿਹਾ ਜਾਂਦਾ ਹੈ। ਕ੍ਰਾਈਮ ਸਟਾਪਰਜ਼ 2000 ਡਾਲਰ ਤੱਕ ਦੇ ਨਕਦ ਇਨਾਮ ਦਿੰਦੇ ਹਨ।

**ਐਮਰਜੈਂਸੀ**
911

**ਗੈਰ-ਐਮਰਜੈਂਸੀ**
519-570-9777

**TTY/TDD**
1-888-420-1777

1-800-222-TIPS (8477)


200 Maple Grove Rd
P.O. Box 3070
Cambridge, ON
N3H5M1

**www.wrps.on.ca**




# ਪੁਲਿਸ ਨੂੰ ਕਾਲ ਕਰਨਾ



ਲੋਕਾਂ ਦੀ ਮਦਦ ਕਰਦੇ ਲੋਕ

## ਜਦੋਂ ਮੈਂ ਕਾਲ ਕਰਾਂਗਾ ਤਾਂ 911 ਓਪਰੇਟਰ ਨੂੰ ਕੀ ਦਿਖਾਈ ਦਿੰਦਾ ਹੈ?

### ਲੈਂਡਲਾਈਨ

ਰਵਾਇਤੀ ਲੈਂਡਲਾਈਨ 911 ਓਪਰੇਟਰ ਨੂੰ ਫੋਨ ਨੰਬਰ, ਪਤਾ ਅਤੇ ਨਾਮ ਪ੍ਰਦਾਨ ਕਰਦੇ ਹਨ।

### ਸੈਲੂਲਰ ਫੋਨ

ਸੈਲੂਲਰ ਫੋਨ 911 ਓਪਰੇਟਰ ਨੂੰ ਫ਼ੋਨ ਨੰਬਰ, ਸੈਲੂਲਰ ਕੰਪਨੀ ਦਾ ਨਾਮ ਅਤੇ ਕਈ ਵਾਰ ਅਨੁਮਾਨਤ ਸਥਾਨ ਦੀ ਜਾਣਕਾਰੀ ਪ੍ਰਦਾਨ ਕਰਦੇ ਹਨ। 911 ਓਪਰੇਟਰ ਨੂੰ ਇਹ ਨਹੀਂ ਪਤਾ ਚੱਲਦਾ ਕਿ ਤੁਸੀਂ ਕਿੱਥੇ ਹੋ ਜਦੋਂ ਤੱਕ ਤੁਸੀਂ ਉਨ੍ਹਾਂ ਨੂੰ ਨਾ ਦੱਸੋ।

### ਵੌਇਸ ਓਵਰ ਇੰਟਰਨੈਟ ਪ੍ਰੋਟੋਕੋਲ (VoIP)

ਪੁਸ਼ਟੀ ਕਰੋ ਕਿ ਕੀ ਤੁਹਾਡਾ VoIP ਐਨਹਾਂਸਡ 911 (e911) ਪ੍ਰਦਾਨ ਕਰਦਾ ਹੈ ਅਤੇ ਇਹ ਯਕੀਨੀ ਬਣਾਓ ਕਿ ਤੁਹਾਡੀ ਜਾਣਕਾਰੀ ਤਾਜ਼ਾ ਹੋਵੇ। ਜੇ ਤੁਹਾਡੇ ਕੋਲ e911 ਹੈ, ਤਾਂ ਤੁਹਾਡਾ ਫੋਨ 911 ਓਪਰੇਟਰ ਨੂੰ ਨਾਮ, ਪਤਾ ਅਤੇ ਫੋਨ ਨੰਬਰ ਦੇ ਸਕਦਾ ਹੈ।

ਜੇ ਤੁਹਾਡੇ ਕੋਲ e911 ਨਹੀਂ ਹੈ, ਤਾਂ ਤੁਹਾਨੂੰ ਇਕ ਕਾਲ ਸੈਂਟਰ ਨਾਲ ਜੋੜਿਆ ਜਾਵੇਗਾ ਜੋ ਤੁਹਾਡੀ ਕਾਲ ਨੂੰ ਸਾਡੇ ਨਾਲ ਜੋੜ ਦੇਣਗੇ। ਅਸੀਂ ਤੁਹਾਡੇ ਪਤੇ ਅਤੇ ਫੋਨ ਨੰਬਰ ਬਾਰੇ ਜਾਣਕਾਰੀ ਲਈ VoIP ਕਾਲ ਸੈਂਟਰ ਅਤੇ ਤੁਹਾਡੇ ਤੇ ਪੂਰੀ ਤਰਾਂ ਨਿਰਭਰ ਹੁੰਦੇ ਹਾਂ।



### ਓਪਰੇਟਰ ਕੀ ਪੁੱਛੇਗਾ?

- ਕੀ ਹੋ ਰਿਹਾ ਹੈ?
- ਤੁਸੀਂ ਕਿੱਥੇ ਹੋ?
- ਤੁਹਾਡਾ ਨਾਮ ਅਤੇ ਜਨਮ ਮਿਤੀ ਕੀ ਹੈ?
- ਤੁਹਾਡਾ ਪਤਾ ਕੀ ਹੈ?
- ਤੁਹਾਡਾ ਫੋਨ ਨੰਬਰ ਕੀ ਹੈ?

### ਜੇ ਮੈਂ ਅੰਗਰੇਜ਼ੀ ਨਹੀਂ ਬੋਲ ਸਕਦਾ ਤਾਂ ਕੀ ਹੋਵੇਗਾ?

ਆਪਣੀ ਭਾਸ਼ਾ ਦਾ ਨਾਂ ਦੱਸਣ ਦੀ ਕੋਸ਼ਿਸ਼ ਕਰੋ। 911 ਓਪਰੇਟਰ ਫਿਰ ਤੁਹਾਨੂੰ ਦੁਭਾਸ਼ੀਏ ਨਾਲ ਜੋੜ ਸਕੇਗਾ।

### ਜੇ ਗਲਤੀ ਨਾਲ 911 ਡਾਇਲ ਹੋ ਜਾਂਦਾ ਹੈ ਤਾਂ ਕੀ ਹੋਵੇਗਾ?

- ਲਾਈਨ 'ਤੇ ਬਣੇ ਰਹੋ
- ਓਪਰੇਟਰ ਨੂੰ ਦੱਸੋ ਕਿ ਇਹ ਕਾਲ ਗਲਤੀ ਨਾਲ ਹੋ ਗਈ ਸੀ, ਅਤੇ ਗਲਤੀ ਦਾ ਕਾਰਨ ਦੱਸੋ
- ਆਪਣੇ ਨਾਮ, ਜਨਮ ਮਿਤੀ, ਪਤੇ ਅਤੇ ਫੋਨ ਨੰਬਰ ਦੀ ਪੁਸ਼ਟੀ ਕਰਵਾਓ

## 911 ਤੇ ਮੈਸੇਜ ਕਰਨਾ

911 ਤੇ ਮੈਸੇਜ (T911) ਦੀ ਸੇਵਾ ਕਮਿਉਨਿਟੀ ਦੇ ਉਨ੍ਹਾਂ ਲੋਕਾਂ ਲਈ ਉਪਲਬਧ ਹੈ ਜੋ ਬੋਲੇ, ਬਹਰੇ ਹਨ, ਜਿਨ੍ਹਾਂ ਨੂੰ ਸੁਣਨ ਵਿੱਚ ਜਾਂ ਬੋਲਣ ਵਿੱਚ ਦਿੱਕਤ ਆਉਂਦੀ ਹੈ ਅਤੇ ਗੂੰਗੇ ਹਨ।

ਬਿਨਾਂ ਕਿਸੇ ਵਾਧੂ ਕੀਮਤ ਤੇ ਆਪਣੇ ਸੈਲੂਲਰ ਫੋਨ ਨੂੰ ਰਜਿਸਟਰ ਕਰਨ ਲਈ, ਆਪਣੇ ਸੈਲੂਲਰ ਫੋਨ ਪ੍ਰਦਾਤਾ ਨਾਲ ਸੰਪਰਕ ਕਰੋ।

ਤੁਹਾਨੂੰ ਫੇਰ ਵੀ 911 ਡਾਇਲ ਕਰਨ ਦੀ ਜ਼ਰੂਰਤ ਹੋਏਗੀ ਪਰ ਤੁਹਾਨੂੰ ਕੁਝ ਬੋਲਣਾ ਨਹੀਂ ਪਵੇਗਾ। 911 ਓਪਰੇਟਰ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਕਿ ਮੈਸੇਜ ਕਰਨ ਦੀ ਜ਼ਰੂਰਤ ਹੈ। ਵਧੇਰੇ ਜਾਣਕਾਰੀ ਲਈ, **Textwith911.ca** 'ਤੇ ਜਾਓ।

